Punjab Government Gazette

Published by Authority

No. 23] CHANDIGARH, FRIDAY, JUNE 5, 2026 (JYAISTHA 15 , 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ

(ਮੰਡੀ ਸ਼ਾਖਾ)

ਅਧਿਸੂਚਨਾ

ਮਿਤੀ 5 ਮਈ, 2026

ਨੰ: 13/10/2023-ਮ-5/6459.-ਪੰਜਾਬ ਖੇਤੀਬਾੜੀ ਉਪਜ ਮੰਡੀਆਂ ਐਕਟ, 1961 (ਪੰਜਾਬ ਐਕਟ ਨੰ 23 ਆਫ 1961) ਦੀ ਧਾਰਾ 6(1) ਅਤੇ ਇਸ ਸਬੰਧੀ ਸਮਰੱਥਾ ਦੇਣ ਵਾਲੇ ਸਾਰੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਨੋਟੀਫਿਕੇਸ਼ਨ 13/10/2023-ਮ-5/2991-2922 ਮਿਤੀ 20.02.2026 ਰਾਹੀਂ ਦਿੱਤੇ ਗਏ ਨੋਟਿਸ ਦੇ ਹਵਾਲੇ ਵਿੱਚ ਪੰਜਾਬ ਮੰਡੀ ਬੋਰਡ ਵੱਲੋਂ ਕੀਤੀ ਗਈ ਰਿਪੋਰਟ ਅਨੁਸਾਰ ਕੋਈ ਇਤਰਾਜ ਪ੍ਰਾਪਤ ਨਾ ਹੋਣ ਕਰਕੇ, ਹੇਠ ਲਿਖੀ ਅਨੁਸੂਚੀ ਦੇ ਖਾਨਾਂ ਨੰ: 2 ਵਿੱਚ ਦਰਜ ਪਿੰਡ ਨੂੰ ਅਨੁਸੂਚੀ ਦੇ ਖਾਨਾ ਨੰ: 5 ਵਿੱਚ ਦਰਜ ਕੀਤੀ ਮਾਰਕਿਟ ਕਮੇਟੀ ਦੇ ਅਧਿਸੂਚਿਤ ਹਲਕੇ ਵਿੱਚ ਸ਼ਾਮਲ ਕਰਕੇ ਇਸ ਇਲਾਕੇ ਦੀ ਪੰਜਾਬ ਖੇਤੀਬਾੜੀ ਉਪਜ ਮੰਡੀਆਂ ਐਕਟ 1961 ਦੀ ਅਨੁਸੂਚੀ ਵਿੱਚ ਦਰਜ ਜਰਾਇਤੀ ਪੈਦਾਵਾਰ ਦੀ ਖਰੀਦ, ਵਿਕਰੀ, ਸਟੋਰੇਜ ਅਤੇ ਪ੍ਰੋਸੈਸਿੰਗ ਉਤੇ ਕੰਟਰੋਲ ਕਰਨ ਦਾ ਅਧਿਕਾਰ ਦੇਣ ਦਾ ਐਲਾਨ ਕਰਦੇ ਹਨ:-

ਅਨੁਸੂਚੀ

ਲੜੀ ਨੰ:	ਪਿੰਡ/ਖਰੀਦ ਕੇਂਦਰ ਦਾ ਨਾਂ	ਜਿਲ੍ਹਾ	ਮਾਰਕੀਟ ਕਮੇਟੀ ਦਾ ਨਾਂ ਜਿਸ ਵਿੱਚੋਂ ਪਿੰਡ ਕੱਢਿਆ ਜਾਣਾ ਹੈ।	ਤਜਵੀਜਤ ਮਾਰਕੀਟ ਕਮੇਟੀ ਅਤੇ ਜਿਲ੍ਹਾ ਜਿਸ ਵਿੱਚ ਪਿੰਡ ਸ਼ਾਮਿਲ ਕੀਤੇ ਜਾਣੇ ਹਨ
1.	2.	3.	4.	5.
1	ਮੋਰਾਂ ਵਾਲਾ	ਫਿਰੋਜਪੁਰ	ਗੁਰੂਹਰਸਾਏ	ਮਾਰਕਿਟ ਕਮੇਟੀ ਜਲਾਲਾਬਾਦ (ਜਿਲ੍ਹਾ ਫਾਜਿਲਕਾ)

ਅਰਸ਼ਦੀਪ ਸਿੰਘ ਥਿੰਡ

ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ।

3735/6-2026/Pb. Govt. Press, S.A.S. Nagar